# ਰਾਜ ਵਿਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8,ਮੋਹਾਲੀ

ਈਮੇਲ: directorscert@punjabeducation.gov.in ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿੱ),

ਪੰਜਾਬ।

ਮੀਮੋ ਨੰਬਰ:**SCERT/SCI/2023/ 2023324107/e-577295** ਮਿਤੀ: ਐਸ.ਏ.ਐਸ. ਨਗਰ **07/12/2023**

ਵਿਸ਼ਾ : 6ਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੰਜਾਬ ਰਾਜ ਅੰਦਰ Excursion Trips ਸੰਬੰਧੀ।

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼ੈਸ਼ਨ 2023-24 ਦੌਰਾਨ 6ਵੀਂ ਜਮਾਤ ਵਿੱਚ ਪੜ੍ਹਦੇ ਸਮੂਹ ਵਿਦਿਆਰਥੀਆਂ (500 ਰੁਪਏ/ਵਿਦਿਆਰਥੀ) ਨੂੰ ਪੰਜਾਬ ਰਾਜ ਦੀਆਂ ਇਤਿਹਾਸਿਕ ਅਤੇ ਵਿਗਿਆਨਕ ਮਹੱਤਤਾ ਵਾਲੇ ਸਥਾਨਾਂ 'ਤੇ ਯਾਤਰਾ ਕਰਵਾਈ ਜਾਣੀ ਹੈ।

3.0 ਇਹਨਾਂ ਵਿਦਿਆਰਥੀਆਂ ਨੂੰ ਪੰਜਾਬ ਰਾਜ ਵਿੱਚ ਮੌਜੂਦ ਇਤਿਹਾਸਿਕ ਅਤੇ ਵਿਗਿਆਨਕ ਮਹੱਤਤਾ ਵਾਲੇ ਸਥਾਨ ਜਿਵੇਂ ਕਿ ਸਾਇੰਸ ਸਿਟੀ, ਜੰਗ-ਏ-ਆਜ਼ਾਦੀ ਮੈਮੋਰੀਅਲ, ਮਿਊਜ਼ੀਅਮ, ਆਰਟ ਗੈਲਰੀ, ਡੈਮ, ਬੋਟੈਨੀਕਲ ਗਾਰਡਨ, ਚਿੜਿਆਘਰ, ਪੁਰਤੱਤਵ ਸਥਾਨ ਆਦਿ ਤੇ ਭੇਜਿਆ ਜਾ ਸਕਦਾ ਹੈ।

4.0 ਇਹਨਾਂ Excursion Trips ਲਈ ਪ੍ਰਵਾਨਿਤ ਰਾਸ਼ੀ ਦੇ ਵੇਰਵੇ ਹੇਠ ਅਨੁਸਾਰ ਹਨ:

| ਲੜੀ ਨੰ. | ਜ਼ਿਲ੍ਹਾ | 6ਵੀਂ ਜਮਾਤ ਦੇ ਵਿਦਿਆਰਥੀਆਂ ਦੀ ਗਿਣਤੀ | Financial @ Rs. 500/ਵਿਦਿਆਰਥੀ |
|---|---|---|---|
| 1 | ਅੰਮ੍ਰਿਤਸਰ | 17188 | 8594000 |
| 2 | ਬਰਨਾਲਾ | 3980 | 1990000 |
| 3 | ਬਠਿੰਡਾ | 11362 | 5681000 |
| 4 | ਫਰੀਦਕੋਟ | 5056 | 2528000 |
| 5 | ਫਤਿਹਗੜ੍ਹ ਸਾਹਿਬ | 4147 | 2073500 |
| 6 | ਫਾਜ਼ਿਲਕਾ | 11466 | 5733000 |
| 7 | ਫਿਰੋਜ਼ਪੁਰ | 8609 | 4304500 |
| 8 | ਗੁਰਦਾਸਪੁਰ | 11402 | 5701000 |
| 9 | ਹੁਸ਼ਿਆਰਪੁਰ | 9552 | 4776000 |
| 10 | ਜਲੰਧਰ | 12123 | 6061500 |
| 11 | ਕਪੂਰਥਲਾ | 4701 | 2350500 |
| 12 | ਲੁਧਿਆਣਾ | 24671 | 12335500 |
| 13 | ਮਲੇਰਕੋਟਲਾ | 2486 | 1243000 |
| 14 | ਮਾਨਸਾ | 6592 | 3296000 |
| 15 | ਮੋਗਾ | 7106 | 3553000 |
| 16 | ਸ.ਅ.ਸ. ਨਗਰ | 8223 | 4111500 |
| 17 | ਸ.ਭ.ਸ. ਨਗਰ | 3678 | 1839000 |
| 18 | ਪਠਾਨਕੋਟ | 3504 | 1752000 |
| 19 | ਪਟਿਆਲਾ | 13096 | 6548000 |

| | | | |
|---|---|---|---|
| 20 | ਰੂਪਨਗਰ | 4421 | 2210500 |
| 21 | ਸੰਗਰੂਰ | 8197 | 4098500 |
| 22 | ਸ਼੍ਰੀ ਮੁਕਤਸਰ ਸਾਹਿਬ | 8209 | 4104500 |
| 23 | ਤਰਨਤਾਰਨ | 9912 | 4956000 |
| **Total** | | **199681** | **99840500** |

5.0 ਇਸ ਰਾਸ਼ੀ ਨੂੰ ਵਿਦਿਆਰਥੀਆਂ ਦੀ ਰਿਫਰੈਸ਼ਮੈਂਟ (ਚਾਹ-ਪਾਣੀ, ਖਾਣਾ), ਟਰਾਂਸਪੋਟੇਸ਼ਨ ਅਤੇ ਹੋਰ ਫੁੱਟਕਲ ਖਰਚੇ ਲਈ ਵਰਤਿਆ ਜਾ ਸਕਦਾ ਹੈ।

6.0 Excursion trip ਲਈ ਹਦਾਇਤਾਂ ਹੇਠ ਅਨੁਸਾਰ ਹਨ:

6.1 ਸਕੂਲ ਮੁੱਖੀ Excursion trip ਲਈ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਬੱਸ, ਵੈਨ ਜਾਂ ਕੋਈ ਹੋਰ ਢੁੱਕਵੇ ਵਾਹਨ ਨੂੰ ਹਾਇਰ (Hire) ਕਰਨਗੇ ਅਤੇ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਹਾਇਰ (Hire) ਕੀਤਾ ਵਾਹਨ ਸੇਫਟੀ ਮਾਪਦੰਡਾਂ ਨੂੰ ਪੂਰਾ ਕਰਦਾ ਹੋਵੇ।

6.2 Excursion trip ਦੌਰਾਨ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੋੜੀਂਦੇ ਅਧਿਆਪਕ ਅਤੇ ਲੜਕੀਆਂ ਨਾਲ ਮਹਿਲਾ ਅਧਿਆਪਕ ਦੀ ਡਿਊਟੀ ਲਗਾਉਣੀ ਯਕੀਨੀ ਬਣਾਈ ਜਾਵੇ।

6.3 ਵਿਦਿਆਰਥੀਆਂ ਨੂੰ Excursion trip ਤੇ ਭੇਜਣ ਤੋਂ ਪਹਿਲਾਂ ਮਾਤਾ-ਪਿਤਾ ਵੱਲੋਂ NOC/ਲਿਖਤੀ ਸਹਿਮਤੀ ਪੱਤਰ ਜ਼ਰੂਰ ਲੈ ਲਿਆ ਜਾਵੇ।

6.4 Excursion trip ਦੌਰਾਨ ਵਿਦਿਆਰਥੀ ਸਕੂਲ ਦੀ ਵਰਦੀ ਵਿੱਚ ਹੋਣੇ ਚਾਹੀਦੇ ਹਨ।

6.5 Excursion trip ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ ਦਾ ਪੂਰਾ ਧਿਆਨ ਰੱਖਿਆ ਜਾਵੇ।

6.6 ਸਕੂਲ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਵਿਦਿਆਰਥੀ Excursion trip ਉਪਰੰਤ ਸਮੇਂ ਸਿਰ ਘਰ ਪਹੁੰਚ ਜਾਣ।

6.7 Excursion trip ਦੌਰਾਨ first aid kit ਕੋਲ ਜ਼ਰੂਰ ਰੱਖੀ ਜਾਵੇ।

6.8 ਖਰਾਬ ਮੌਸਮ ਅਤੇ ਸੰਘਣੀ ਧੁੰਦ ਵਾਲੇ ਦਿਨ ਵਿਦਿਆਰਥੀਆਂ ਨੂੰ Excursion Trip ਤੇ ਲੈ ਜਾਣ ਤੋਂ ਗੁਰੇਜ਼ ਕੀਤਾ ਜਾਵੇ।

6.9 ਮਿਡਲ ਸਕੂਲਾਂ ਵਿੱਚ ਵਿਦਿਅਰਥੀਆਂ ਦੀ ਗਿਣਤੀ ਘੱਟ ਹੋਣ ਦੀ ਸੂਰਤ ਵਿੱਚ ਆਪਣੇ ਕੰਪਲੈਕਸ ਦੇ ਸੀਨੀਅਰ ਸੈਕੰਡਰੀ ਸਕੂਲ ਨਾਲ ਤਾਲਮੇਲ ਕਾਇਮ ਕਰਕੇ ਯਾਤਰਾ ਦਾ ਪ੍ਰਬੰਧ ਕੀਤਾ ਜਾਵੇ।

6.10 Excursion trip ਦੌਰਾਨ ਕੀਤੇ ਖਰਚੇ ਦਾ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ।

7.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਦੁਆਰਾ ਇਸ Excursion Trip ਨੂੰ 31 ਜਨਵਰੀ, 2024 ਤੱਕ ਹਰ ਹਾਲਤ ਵਿੱਚ ਮੁੰਕਮਲ ਕਰਕੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਨਾਲ ਸਾਂਝਾ ਕੀਤਾ ਜਾਵੇ।

ਡਾਇਰੈਕਟਰ

ਐਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ: ਐਸ.ਏ.ਐਸ.ਨਗਰ – 07/12/2023

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁਖੀ

ਸਹਾਇਕ ਡਾਇਰੈਕਟਰ

ਐਸ.ਸੀ.ਈ.ਆਰ.ਟੀ.,ਪੰਜਾਬ।